International Journal of Applied Research 2023; 9(11): 196-201

International Journal of Applied Research

**ISSN Print:** 2394-7500
**ISSN Online:** 2394-5869
**Impact Factor (RJIF):** 8.4
IJAR 2023; 9(11): 196-201
www.allresearchjournal.com
Received: 07-09-2023
Accepted: 10-10-2023

**ਰਵਿੰਦਰ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ, ਭਾਰਤ

**Corresponding Author:**
**ਰਵਿੰਦਰ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ, ਭਾਰਤ

# ਪੰਜਾਬੀ ਖਿੱਤੇ ਦੀ ਜਾਤ-ਆਧਾਰਿਤ ਪੇਸ਼ਕਾਰੀ

**ਰਵਿੰਦਰ ਕੌਰ**

## ਪ੍ਰਸਤਾਵਨਾ

ਭਾਰਤ ਇਕੋ ਸਮੇਂ ਏਕਤਾ ਵਿਚ ਅਨੇਕਤਾ ਵਾਲਾ ਦੇਸ਼ ਹੈ। ਇਸ ਅਨੇਕਤਾ ਤੋਂ ਭਾਵ ਭਾਰਤ ਵਿਚ ਪਾਈ ਜਾਣ ਵਾਲੀ ਜਾਤੀਗਤ, ਧਾਰਮਿਕ, ਸ਼ਰੇਣੀਗਤ, ਸਭਿਆਚਾਰਕ ਅਤੇ ਭਾਸ਼ਾਗਤ ਭਿੰਨਤਾ ਹੈ। ਇਸ ਭਿੰਨਤਾ ਨੇ ਭਾਰਤ ਵਿਚਲੇ ਹਰ ਪੱਧਰ ਦੇ ਸਮਾਜਿਕ-ਸਭਿਆਚਾਰਕ ਜੀਵਨ ਨੂੰ ਇਸ ਹੱਦ ਤਕ ਪ੍ਰਭਾਵਿਤ ਕੀਤਾ ਹੈ ਕਿ ਜੀਵਨ ਦੇ ਹਰ ਕਾਰਜ ਖੇਤਰ ਵਿਚ ਜਾਤੀਗਤ, ਧਾਰਮਿਕ, ਸ਼ਰੇਣੀਗਤ ਪਰੰਪਰਾ ਰੂੜ੍ਹ ਹੋ ਚੁੱਕੀ ਹੈ। ਜਿਸ ਕਾਰਨ ਲੋਕ ਹਰ ਸੰਸਕਾਰ ਨਿਭਾਉਣ ਸਮੇਂ ਆਪਣੀ ਜਾਤ ਜਾਂ ਧਰਮ ਨਾਲ ਸੰਬੰਧਿਤ ਮਿੱਥਾਂ, ਰੋਕਾਂ ਅਤੇ ਖੁੱਲ੍ਹਾਂ ਦਾ ਖ਼ਾਸ ਧਿਆਨ ਰੱਖਦੇ ਹਨ। ਪਰੰਤੂ ਭਾਰਤ ਵਿਚ ਇਸ ਦਾ ਆਰੰਭ ਜਾਤ ਤੋਂ ਨਹੀਂ ਸਗੋਂ ਨਸਲ ਜਾਂ ਵਰਨ ਵਿਵਸਥਾ ਤੋਂ ਹੋਇਆ ਹੈ। ਪੰਜਾਬ ਵਿਚ ਤਾਂ ਇਹ ਜਾਤ ਹੋਰ ਵੀ ਪੇਚੀਦਾ ਰੂਪ ਲੈ ਲੈਂਦੀ ਹੈ ਕਿਉਂਕਿ ਪੰਜਾਬ ਵਿਚ ਜਾਤ ਵਿਵਸਥਾ ਦਾ ਸਰੂਪ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵੱਖਰਾ ਹੈ। ਇਸ ਪਰਚੇ ਵਿਚ ਅਸੀਂ ਪੰਜਾਬ ਵਿਚ ਜਾਤ ਦੀ ਉਤਪਤੀ, ਕ੍ਰਮ-ਵਿਕਾਸ ਅਤੇ ਜਾਤ ਨਾਲ ਸੰਬੰਧਿਤ ਪ੍ਰਤਿਮਾਨਾਂ ਦੀ ਵਿਸਥਾਰ ਸਹਿਤ ਚਰਚਾ ਕਰਾਂਗੇ ਪਰੰਤੂ ਉਸਤੋਂ ਪਹਿਲਾਂ ਸਾਡੇ ਲਈ ਭਾਰਤ ਵਿਚ ਜਾਤ ਵਿਵਸਥਾ ਉਤਪਤੀ 'ਤੇ ਚਰਚਾ ਕਰਨਾ ਜ਼ਰੂਰੀ ਬਣ ਜਾਂਦਾ ਹੈ।

ਜਾਤ ਅੰਗਰੇਜੀ ਭਾਸ਼ਾ ਦੇ ਸ਼ਬਦ ਕਾਸਟ (ਚਓਸਟਏ) ਦਾ ਪਰਿਆਇ ਹੈ। ਹਿੰਦੂ ਧਰਮ ਵਿੱਚ ਜਾਤ ਇੱਕ ਵੰਸ਼ਗਤ ਸਮਾਜਿਕ ਜਮਾਤ ਦੀ ਤਰ੍ਹਾਂ ਹੈ ਜਿਹੜੀ ਰਸਮਾਂ ਦੀ ਸ਼ੁੱਧਤਾ ਅਨੁਸਾਰ ਸੱਤਰੀਕ੍ਰਿਤ ਹੈ।[1] ਭਾਰਤ ਵਿਚ ਜਾਤ ਵਿਵਸਥਾ ਦਾ ਆਰੰਭ ਵਰਨ ਵਿਵਸਥਾ ਤੋਂ ਮੰਨਿਆ ਜਾ ਸਕਦਾ ਹੈ ਕਿਉਂਕਿ ਜਾਤ ਦਾ ਲਿਖਤੀ ਰੂਪ ਵਿਚ ਵਰਣਨ 'ਪੁਰਾਣਿਕ ਗ੍ਰੰਥਾਂ ਅਤੇ ਮਨੂੰਸਿਮ੍ਰਤੀ' ਵਿਚ ਵਰਨ ਦੇ ਰੂਪ ਵਿਚ ਹੀ ਮਿਲਦਾ ਹੈ। ਵਰਨ ਦਾ ਅਰਥ ਰੰਗ ਹੈ ਅਤੇ ਇਹ ਸ਼ਬਦ ਆਰੀਆ ਅਤੇ ਦਾਸ ਵਰਨ ਦੇ ਫ਼ਰਕ ਨੂੰ, ਉਨ੍ਹਾਂ ਦੇ ਕ੍ਰਮਵਾਰ ਗੋਰੇ ਅਤੇ ਕਾਲੇ ਰੰਗ ਦੇ ਆਧਾਰ 'ਤੇ ਪ੍ਰਗਟ ਕਰਨ ਲਈ ਵਰਤਿਆ ਗਿਆ ਹੈ। [2] ਇਹ ਮੰਨਿਆ ਜਾਂਦਾ ਹੈ ਕਿ ਜਦੋਂ ਆਰੀਆ ਲੋਕ ਭਾਰਤ ਵਿਚ ਆਏ ਤਾਂ ਉਹ ਸਰੀਰਕ ਪੱਖੋਂ ਉਸ ਸਮੇਂ ਭਾਰਤ 'ਤੇ ਕਾਬਜ਼ ਲੋਕਾਂ (ਦ੍ਰਾਵਿੜ, ਨੀਗ੍ਰੋ, ਆਸਟ੍ਰਿਕ) ਨਾਲੋਂ ਵੱਖਰੇ ਸਨ। ਭਾਰਤ ਵਿਚ ਆਉਣ ਉਪਰੰਤ ਆਰੀਆ ਲੋਕਾਂ ਨੇ ਜਾਤ ਵਿਵਸਥਾ ਨੂੰ ਕਿਵੇਂ ਹੋਂਦ ਵਿਚ ਲਿਆਂਦਾ ਜਾਂ ਲਾਗੂ ਕੀਤਾ ਇਸ ਬਾਰੇ ਅਸੀਂ ਬਾਅਦ ਵਿਚ ਚਰਚਾ ਕਰਾਂਗੇ ਪਰ ਉਸਤੋਂ ਪਹਿਲਾਂ ਸਾਡੇ ਲਈ ਜਾਤ ਵਿਵਸਥਾ ਨੂੰ ਪਰਿਭਾਸ਼ਤ ਕਰਨਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਅਸੀਂ ਡਾ. ਅੰਬੇਦਕਰ ਦੁਆਰਾ ਦਿੱਤੀ ਗਈ ਪਰਿਭਾਸ਼ਾ ਦਾ ਵਰਣਨ ਕਰਾਂਗੇ ਜਿਸ ਵਿਚ ਉਹਨਾਂ ਨੇ ਵਰਨ ਤੋਂ ਜਾਤ ਦਾ ਆਰੰਭ ਦੱਸਿਆ ਹੈ:-

"ਸਮਾਜਿਕ ਸੰਗਠਨ ਦੀ ਮੂਲ ਧਾਰਨਾ ਜੋ ਹਿੰਦੂਆਂ ਵਿਚ ਪ੍ਰਚੱਲਿਤ ਹੈ, ਚਾਰ ਵਰਗਾਂ ਜਾਂ ਵਰਨਾਂ ਦੇ ਉੱਥਾਨ ਨਾਲ ਆਰੰਭ ਹੁੰਦੀ ਹੈ ਜਿਸ ਵਿਚ ਅਜਿਹਾ ਸਮਝਿਆ ਜਾਂਦਾ ਹੈ ਕਿ ਹਿੰਦੂ ਸਮਾਜ ਵਿਭਾਜਤ ਜੋ ਗਿਆ ਸੀ। ਇਹਨਾਂ ਚਾਰ ਵਰਗਾਂ ਦੇ ਨਾਮ ਸਨ: 1. ਬ੍ਰਾਹਮਣ 2. ਕਸ਼ੱਤਰੀ 3. ਵੈਸ਼ 4. ਸ਼ੂਦਰ ਵਰਗ। ਕੁਝ ਕਾਲ ਤਕ ਤਾਂ ਇਹ ਮਾਤਰ ਵਰਗ ਸਨ। ਇਕ ਸਮੇਂ ਤੋਂ ਬਾਅਦ ਜੋ ਕੇਵਲ ਵਰਗ (ਵਰਨ) ਸਨ ਉਹ ਜਾਤੀਆਂ ਹੋ ਗਏ ਅਤੇ ਚਾਰ ਜਾਤਾਂ ਚਾਰ ਹਜ਼ਾਰ ਹੋ ਗਈਆਂ।ਇਸ ਤਰ੍ਹਾਂ ਆਧੁਨਿਕ ਜਾਤੀ ਵਿਵਸਥਾ ਪ੍ਰਾਚੀਨ ਵਰਨ- ਵਿਵਸਥਾ ਦਾ ਜੀ ਕ੍ਰਮ-ਵਿਕਾਸ ਸੀ।[3]

ਡਾ. ਅੰਬੇਦਕਰ ਦੁਆਰਾ ਦਿੱਤੀ ਪਰਿਭਾਸ਼ਾ ਇਸ ਹੱਦ ਤਕ ਠਕਿ ਹੈ ਕਿ ਜਾਤਾਂ ਦਾ ਆਰੰਭਕ ਪੜਾਅ ਵਰਨ ਹੀ ਸਨ ਪਰੰਤੂ ਇਸ ਪਰਿਭਾਸ਼ਾ 'ਚ ਜਾਤਾਂ ਦੇ ਮੂਲ ਸਰੂਪ ਅਤੇ ਵਿਸ਼ੇਸ਼ਤਾਵਾਂ ਦਾ ਕਿਧਰੇ ਵੀ ਵਰਣਨ ਨਹੀਂ ਮਿਲਦਾ।

## ਸਰ ਹਰਬਰਟ ਰਿਜ਼ਲੇ ਅਨੁਸਾਰ

"ਜਾਤ ਪਰਿਵਾਰ ਜਾਂ ਪਰਿਵਾਰਾਂ ਦੇ ਸਮੂਹ ਦਾ ਇਕੱਠ ਹੈ ਜਿਸਦਾ ਇੱਕ ਸਾਂਝਾ ਨਾਂ ਹੁੰਦਾ ਹੈ, ਜੋ ਕਿ ਕਿਸੇ ਇੱਕ ਵਿਸ਼ੇਸ਼ ਕਿੱਤੇ ਨੂੰ ਪ੍ਰਗਟ ਕਰਦਾ ਹੈ ਜਾਂ ਉਸ ਕਿੱਤੇ ਨਾਲ ਸੰਬੰਧਿਤ ਹੁੰਦਾ ਹੈ, ਜੋ ਮਿਥਿਹਾਸਿਕ ਪੂਰਵਜ (ਮਨੁੱਖੀ ਜਾਂ ਦੈਵੀ) ਦੀ ਸੰਤਾਨ ਹੋਣ ਜਾਂ ਉਸਤੋਂ ਉਤਪਤੀ ਦਾ ਦਾਅਵਾ ਕਰਦਾ ਹੈ। ਇਹ ਲੋਕ ਇੱਕ ਵਿਸ਼ੇਸ਼ ਪਰੰਪਰਾਗਤ ਕਿੱਤੇ ਨੂੰ ਅਪਣਾਉਣ ਦਾ ਦਾਅਵਾ ਵੀ ਕਰਦੇ ਆਏ ਹਨ ਅਤੇ ਕਈ ਅਜਿਹੇ ਲੋਕਾਂ ਜਿਹੜੇ ਆਪਣੇ ਵਿਚਾਰ ਪੇਸ਼ ਕਰਨ ਦੇ ਸਮਰੱਥ ਹੋਣ ਦੀ ਰਾਇ ਵਿੱਚ ਜਾਤ ਨੂੰ ਇੱਕ ਸਮਰੂਪ ਵਿਸ਼ੇਸ਼ਤਾਈਆਂ ਵਾਲਾ ਸਮੁਦਾਇ ਆਖਿਆ ਜਾਂਦਾ ਹੈ।"[4]

ਸਰ ਹਰਬਰਟ ਰਿਜ਼ਲੇ ਦੁਆਰਾ ਦਿੱਤੀ ਗਈ ਉਪਰੋਕਤ ਪਰਿਭਾਸ਼ਾ ਕਾਫ਼ੀ ਹੱਦ ਤਕ ਠੀਕ ਹੈ ਕਿਉਂਕਿ ਜਾਤ ਦਾ ਇੱਕ ਸਾਂਝਾ ਨਾਂ, ਜ਼ਿਆਦਾਤਰ ਇਕ ਸਾਂਝਾ ਕਿੱਤਾ ਤੇ ਇਕ ਸਾਂਝਾ ਪੂਰਵਜ ਹੁੰਦਾ ਹੈ। ਪਰੰਤੂ ਇਸ ਪਰਿਭਾਸ਼ਾ ਵਿਚ ਵਿਚ ਸਿਰਫ਼ ਮਿਥਿਹਾਸਕ ਪੂਰਵਜ ਦੀ ਗੱਲ ਕੀਤੀ ਗਈ ਹੈ ਜਦੋਂ ਕਿ ਇਕ ਜਾਤ ਨਾਲ ਸੰਬੰਧਿਤ ਪੂਰਵਜ ਹਮੇਸ਼ਾ ਮਿਥਿਹਾਸਿਕ ਹੀ ਨਹੀਂ ਹੁੰਦੇ ਕਿਉਂਕਿ ਜਦੋਂ ਟੋਟਮ ਜਾਂ ਗੋਤਰ ਚਿੰਨ੍ਹਾਂ ਦਾ ਅਸੀਂ ਜਾਤ ਨਾਲ ਸੰਬੰਧ ਪ੍ਰਗਟ ਕਰਦੇ ਜਾਂ ਤਾਂ ਅਜਿਹੇ ਚਿੰਨ੍ਹ ਸਿਰਫ਼ ਮਿਥਿਹਾਸਕ ਪੂਰਵਜਾਂ ਦੀ ਦੇਣ ਨਹੀਂ ਹਨ।

## ਐਮ. ਐਨ. ਸ੍ਰੀਨਿਵਾਸ ਅਨੁਸਾਰ

"ਛਓਸਟਏ ਸਿ ਓ ਹਏਰਏਦਟਿ, ਏਨਦੋਗਓਮੁੋਸ, _ਸੁਓਲਲੇ ਲੋਚਓਲਜ਼ਿਏਦ ਗਰੋੁਪ, ਹਓਵਨਿਗ ਓ ਟਰਓਦਟਿੋਨਿਓਲ ਓਸਸੋਚਿਓਟਿੋਨਿ ਾਟਿਹ ਓਨ ਚਚੁਪਓਟਿੋਨਿ ਓਨਦ ਓ ਪਓਰਟਚਿੁਲਓਰ ਪੋਸਟਿੋਨਿ ਨਿ ਟਹਏ ਹਇਰਓਰਚਹੇ ਡ ਚਓਸਟਏ. ਏਲਓਟਿੋਨਿ ਬਏਟਾਏਏਨ ਚਓਸਟਏ ਓਨਦ ਗੋਵਏਰਨਏਦ, ਓਮੋਨਗ ਟਹਏਰ ਟਹਨਿਗਸ, ਬੇ ਟਹਏ ਚੋਨਚਏਪਟ ਡ ਪੋਲਲੁਟਿੋਨਿ ਓਨਦ ਪੁਰਟਿ, ਓਨਦ ਗਏਨਏਰਓਲਲੇ ਮਓਣਮ੍ਰਿਮ ਚੋਮਮਏਨਸਓਲਟਿ ਚਚੁਰਸ ਾਟਿਹਨਿ ਟਹਏ ਚਓਸਟਏ.[5]

ਇਸ ਪਰਿਭਾਸ਼ਾ ਵਿਚ ਸ੍ਰੀਨਿਵਾਸ ਨੇ ਜਾਤ ਦੇ ਵਿਸ਼ੇਸ਼ ਲੱਛਣਾਂ ਜਿਵੇਂ ਵੰਸ਼ਗਤ ਪਰੰਪਰਾ, ਸਗੋਤਰੀ ਵਿਆਹ, ਸਾਂਝਾ ਕਿੱਤਾ ਅਤੇ ਜਾਤੀ ਦੇ ਆਪਣੇ ਸ਼ੁੱਧ-ਅਸ਼ੁੱਧ ਸੰਕਲਪਾਂ ਦਾ ਵਰਣਨ ਕੀਤਾ ਹੈ। ਪਰੰਤੂ ਵਰਤਮਾਨ ਸੰਦਰਭ ਵਿਚ ਸਗੋਤਰੀ ਵਿਆਹ ਅਤੇ ਪਰੰਪਰਕ ਕਿੱਤੇ ਕਿਸੇ ਵੀ ਜਾਤ ਲਈ ਵਿਸ਼ੇਸ਼ ਲੱਛਣ ਨਹੀਂ ਹਨ। ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਸੰਖੇਪ ਰੂਪ ਵਿਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਜਾਤ ਪ੍ਰਥਾ ਦਾ ਆਰੰਭ ਵੀ ਸਮੇਂ ਦੀ ਲੋੜ ਅਨੁਸਾਰ ਹੋਇਆ ਜਾਪਦਾ ਹੈ ਕਿਉਂਕਿ ਜਦੋਂ ਵਰਨ ਵਿਵਸਥਾ ਬਣੀ ਉਸ ਸਮੇਂ ਲੋਕਾਂ ਨੂੰ ਇਕ ਸੂਤਰ ਵਿਚ ਬੱਝ ਕੇ ਰੱਖਣਾ ਜ਼ਰੂਰੀ ਹੋ ਗਿਆ ਹੋਵੇਗਾ। ਇਹ ਗੱਲ ਵੱਖਰੀ ਹੈ ਕਿ ਅਜਿਹੇ ਸੂਤਰਾਂ ਨੂੰ ਬਣਾਉਣ ਵਾਲੇ ਮੋਹਰੀ ਲੋਕਾਂ (ਜਿਵੇਂ ਬ੍ਰਾਹਮਣ ਆਦਿ) ਨੇ ਆਪਣੀ ਧਿਰ ਨੂੰ ਉੱਚਾ ਰੱਖਣ ਅਤੇ ਬਾਕੀ ਧਿਰਾਂ ਦੇ ਲੋਕਾਂ ਨੂੰ ਨਿਰਧਾਰਿਤ ਪੱਧਰ 'ਤੇ ਰੱਖਣ ਲਈ ਧਰਮ ਦਾ ਸਹਾਰਾ ਲਿਆ ਹੋਵੇ । ਜਿਸ ਅਨੁਸਾਰ ਚਾਰ ਵਰਨਾਂ ਦੇ ਲੋਕਾਂ ਦਾ ਰਚਨਹਾਰ ਦੇ ਕ੍ਰਮਵਾਰ ਮੂੰਹ, ਬਾਹਾਂ, ਪੇਟ ਅਤੇ ਪੈਰਾਂ 'ਚੋਂ ਪੈਦਾ ਹੋਣ ਦੀ ਵਿਆਖਿਆ ਸਾਹਮਣੇ ਆਈ।[*6]

## ਪੰਜਾਬ ਵਿਚ ਜਾਤ ਵਿਵਸਥਾ ਦਾ ਆਰੰਭ ਅਤੇ ਜਾਤੀ ਆਲੋਚਨਾ

ਇਸ ਗੱਲ ਤੋਂ ਅਸੀਂ ਭਲੀ-ਭਾਂਤ ਜਾਣੂ ਹਾਂ ਕਿ ਪੰਜਾਬ ਵਿਚ ਜਾਤ ਵਿਵਸਥਾ ਦਾ ਮੌਜੂਦਾ ਰੂਪ ਬਾਕੀ ਭਾਰਤ ਦੇ ਮੁਕਾਬਲੇ ਵੱਖਰਾ ਹੈ। ਪਰੰਤੂ ਕੀ ਆਰੰਭ ਤੋਂ ਹੀ ਪੰਜਾਬ ਵਿਚ ਬਾਕੀ ਭਾਰਤ ਦੇ ਮੁਕਾਬਲੇ ਵੱਖਰਾ ਜਾਤੀਗਤ ਸਰੂਪ ਹੋਂਦ ਵਿਚ ਆਇਆ, ਇਸ ਸੰਬੰਧੀ ਜਾਣਨ ਲਈ ਸਾਨੂੰ ਭਾਰਤ ਵਿਚ ਜਾਤ ਦੀ ਉਤਪਤੀ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਅਕਸਰ ਅਸੀਂ ਮੰਨ ਲੈਂਦੇ ਹਾਂ ਕਿ ਭਾਰਤ ਵਿਚ ਜਾਤ ਪਾਤ ਦਾ ਆਰੰਭ ਆਰੀਆ ਜਾਤੀ ਦੇ ਆਗਮਨ ਤੋਂ ਬਾਅਦ ਹੋਇਆ, ਪਰੰਤੂ ਸਾਨੂੰ ਇਤਿਹਾਸ ਸੰਬੰਧੀ ਲਿਖ਼ਤਾਂ ਵਿਚੋਂ ਅਜਿਹੇ ਪ੍ਰਮਾਣ ਵੀ ਮਿਲਦੇ ਹਨ ਜੋ ਆਰੀਆ ਜਾਤੀ ਦੇ ਭਾਰਤੀ ਆਗਮਨ ਤੋਂ ਪਹਿਲਾਂ ਇੱਥੇ ਦੇ ਲੋਕਾਂ ਵਿਚ ਵਰਗ ਜਾਂ ਨਸਲ ਭਿੰਨਤਾ ਦਾ ਵਰਣਨ ਕਰਦੇ ਹਨ। ਰਾਮਧਾਰੀ ਸਿੰਘ ਦਿਨਕਰ ਅਨੁਸਾਰ :-

" ਜਾਤੀ ਪ੍ਰਥਾ ਦਾ ਸਹਾਰਾ ਆਰੀਆ ਨੇ ਇਸ ਕਰਕੇ ਲਿਆ ਕਿਉਂਕਿ ਜਦੋਂ ਉਹ ਇਸ ਦੇਸ਼ ਵਿਚ ਆ ਕੇ ਵਸੇ, ਉਸ ਸਮੇਂ ਇੱਥੇ ਅਨੇਕ ਜਾਤੀਆਂ ਦੇ ਲੋਕ ਵਸ ਰਹੇ ਸਨ ਤੇ ਆਰੀਆ ਨੂੰ ਲੱਗਿਆ ਕਿ ਉਹ ਵਿਭਿੰਨ ਜਾਤੀਆਂ ਦੀ ਰਚਨਾ ਦੁਆਰਾ ਇਹਨਾਂ ਲੋਕਾਂ ਨੂੰ ਇਕ ਸਮਾਜ ਵਿਚ ਬੰਨ੍ਹ ਸਕਦੇ ਹਨ।"[7]

ਪਰੰਤੂ ਰਾਮਧਾਰੀ ਦਿਨਕਰ ਨੇ ਕਿਤੇ ਵੀ ਇਹ ਗੱਲ ਸਪੱਸ਼ਟ ਨਹੀਂ ਕੀਤੀ ਕਿ ਆਰੀਆ ਤੋਂ ਪਹਿਲਾਂ ਜੋ ਭਾਰਤ ਵਿਚ ਰਹਿ ਰਹੇ ਸਨ, ਉਹ ਵੱਖ-ਵੱਖ ਜਾਤਾਂ ਦੇ ਨਹੀਂ ਸਗੋਂ ਨਸਲਾਂ ਦੇ ਸਨ ਕਿਉਂਕਿ ਉਸ ਸਮੇਂ ਭਾਰਤ ਵਿਚ ਦ੍ਰਾਵਿੜ, ਆਸਟ੍ਰਿਕ ਅਤੇ ਨੀਗ੍ਰੋ ਜਾਤੀ ਦੇ ਲੋਕ ਵਸਦੇ ਸਨ।

ਪੰਜਾਬ ਵਿਚ ਵੀ ਜਾਤ-ਪਾਤ ਦਾ ਆਰੰਭ ਹਿੰਦੂ ਵਰਨ ਵਿਵਸਥਾ ਤੋਂ ਹੋਇਆ ਇਸਦੇ ਦੋ ਮੁੱਖ ਕਾਰਨ ਸਾਡੇ ਸਾਹਮਣੇ ਹਨ : ਇਕ ਤਾਂ ਇਹ ਕਿ ਜਾਤ-ਪਾਤ ਸੰਬੰਧੀ ਸਭ ਤੋਂ ਪਹਿਲਾ ਵਰਣਨ ਰਿਗਵੇਦ ਵਿਚ ਮਿਲਦਾ ਹੈ ਜਿਸਦੀ ਰਚਨਾ ਪੰਜਾਬ ਵਿਚ ਹੋਈ ਅਤੇ ਦੂਜਾ ਉਸ ਸਮੇਂ ਇਹਨਾਂ ਜਾਤਾਂ ਦੇ ਲੋਕ ਪੰਜਾਬ ਦੇ ਹੀ ਵਾਸ਼ਿੰਦੇ ਬਣ ਗਏ ਸਨ। ਸੋ ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਪੰਜਾਬ ਵਿਚ ਜਾਤ-ਪਾਤ ਦਾ ਆਰੰਭਿਕ ਸਰੂਪ ਹਿੰਦੂ ਵਿਵਸਥਾ ਵਾਲਾ ਹੀ ਸੀ। ਅੱਜ ਭਾਵੇਂ ਇਹ ਸਰੂਪ ਉਸ ਤਰ੍ਹਾਂ ਦਾ ਨਹੀਂ ਰਿਹਾ ਜਿਹਾ ਕਿ ਆਰੰਭਿਕ ਅਵਸਥਾ ਵਿਚ ਸੀ।

ਰਿਗਵੇਦ ਦੀ ਰਚਨਾ 1500-1200 ਈਸਵੀ ਦੇ ਵਿਚਕਾਰ ਪੰਜਾਬ ਵਿਚ ਹੋਈ ਜਾਂ ਘੱਟੋ-ਘੱਟ ਇਸ ਵਿਚ ਇੱਥੇ ਇਸ ਸਮੇਂ ਵਾਪਰੀਆਂ ਘਟਨਾਵਾਂ ਦਾ ਉਲੇਖ ਹੈ।[8] ਰਿਗਵੇਦ ਵਿਚ ਜ਼ਿਆਦਾਤਰ ਤਿੰਨ ਜਾਤਾਂ ਬ੍ਰਾਹਮਣ, ਕਸ਼ੱਤਰੀ, ਵੈਸ਼ ਦਾ ਵਰਣਨ ਮਿਲਦਾ ਹੈ ਜਦੋਂ ਕਿ ਸ਼ੂਦਰ ਸ਼ਰੇਣੀ ਦਾ ਵਰਣਨ ਕੇਵਲ ਇਕ ਹੀ ਸਲੋਕ ਵਿਚ ਮਿਲਦਾ ਹੈ। ਇਹਨਾਂ ਚਾਰਾਂ ਜਾਤਾਂ ਵਿਚੋਂ ਹਰ ਜਾਤ ਦੇ ਕੰਮ ਲਗਭਗ ਨਿਸ਼ਚਿਤ ਕੀਤੇ ਜਾ ਚੁੱਕੇ ਸਨ। ਬਾਅਦ ਵਿਚ ਮਨੂਸਿਮ੍ਰਤੀ ਵਿਚ ਇਹ ਵੰਡ ਹੋਰ ਵੀ

ਸਪੱਸ਼ਟ ਰੂਪ ਵਿਚ ਨਜ਼ਰ ਆਉਂਦੀ ਹੈ, ਮਨੂ ਅਨੁਸਾਰ ਉਸ ਪਰਮਪਿਤਾ ਪਰਮਾਤਮਾ ਨੇ ਵੇਦਾਂ ਦੇ ਪਠਨ-ਪਾਠਨ, ਯੱਗਾਂ ਦਾ ਕਰਨਾ ਅਥਵਾ ਦਾਨ ਦੇਣਾ ਅਤੇ ਲੈਣਾ- ਇਹ ਛੇ ਕੰਮ ਬ੍ਰਾਹਮਣ ਲਈ ਨਿਰਧਾਰਤ ਕੀਤੇ ਹਨ। ਕਸ਼ੱਤਰੀਆਂ ਲਈ ਪ੍ਰਜਾ ਦੀ ਰੱਖਿਆ ਕਰਨਾ, ਬ੍ਰਾਹਮਣਾਂ ਅਤੇ ਦੀਨ ਦੁਖੀਆਂ ਨੂੰ ਦਾਨ ਦੇਣਾ, ਯੱਗ ਕਰਵਾਉਣਾ ਤੇ ਯੱਗ ਵਿਚ ਸ਼ਾਮਿਲ ਹੋਣਾ, ਸਦਗ੍ਰੰਥਾਂ ਦਾ ਅਧਿਐਨ ਕਰਨਾ ਅਤਵਾ ਵਿਸ਼ੇ-ਵਿਕਾਰਾਂ ਤੋਂ ਬਚਣਾ ਕੰਮ ਨਿਰਧਾਰਤ ਹਨ। ਪਸ਼ੂ-ਪਾਲਣ, ਕਿਸਾਨੀ, ਵਿਉਪਾਰ, ਸ਼ਾਹੂਕਾਰੀ, ਰਿਸ਼ੀਆਂ ਦੁਆਰਾ ਰਚਿਤ ਗ੍ਰੰਥਾਂ ਦਾ ਅਧਿਐਨ ਕਰਨਾ ਵੈਸ਼ ਲਈ ਨਿਰਧਾਰਤ ਕਰਤੱਵ ਕਰਮ ਹਨ। ਪਰਮਾਤਮਾ ਨੇ ਸ਼ੁਦਰਾਂ ਲਈ ਕੇਵਲ ਇਕ ਹੀ ਕਰਤੱਵ-ਕਰਮ ਨਿਰਧਾਰਤ ਕੀਤਾ ਹੈ, ਨਿਰਦਵੰਦ ਅਤੇ ਨਿਰਵਿਕਾਰ (ਈਰਖਾ ਭਾਵ ਤੋਂ ਮੁਕਤ ਹੋ ਕੇ) ਤਿੰਨਾਂ- ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ - ਵਰਨਾਂ ਦੇ ਲੋਕਾਂ ਦੀ ਸੇਵਾ ਕਰਨਾ।[9]

ਇਸ ਤਰ੍ਹਾਂ ਹਰ ਸ਼ਰੇਣੀ ਲਈ ਕੰਮ ਨਿਸ਼ਚਿਤ ਕਰ ਦਿੱਤੇ ਗਏ ਸਨ ਤੇ ਸਾਰੀਆਂ ਹੀ ਜਮਾਤਾਂ ਆਪਣੇ ਲਈ ਨਿਰਧਾਰਤ ਕੰਮ ਕਰਨ ਨੂੰ ਹੀ ਤਵੱਜੋਂ ਦਿੰਦੀਆਂ ਸਨ। ਪਰੰਤੂ ਕੁਝ ਸਮੇਂ ਬਾਅਦ ਕੰਮ ਦੀ ਵੰਡ ਨੇ ਲੋਕਾਂ ਵਿਚ ਸਮਾਜਿਕ ਇਕਰੂਪਤਾ/ਇਕਸਾਰਤਾ ਦੀ ਜਗ੍ਹਾ ਸਮਾਜਿਕ ਪਾੜੇ ਦਾ ਰੂਪ ਲੈ ਲਿਆ। ਇਸਦਾ ਕਾਰਨ ਇਹ ਸੀ ਕਿ ਉੱਚ ਸ਼ਰੇਣੀ ਦੇ ਲੋਕਾਂ ਨੇ ਨੀਵੀਆਂ ਸ਼ਰੇਣੀਆਂ ਦੇ ਲੋਕਾਂ ਨੂੰ ਸਮਾਜ ਤੋਂ ਵੱਖਰੇ ਦੱਸਿਆ ਅਤੇ ਉਹਨਾਂ ਦੇ ਹੱਥੋਂ ਕੁਝ ਵੀ ਲੈ ਕੇ ਖਾਣ ਦੀ ਉੱਚ ਸ਼ਰੇਣੀ ਨੂੰ ਸਾਫ਼ ਮਨਾਹੀ ਕਰ ਦਿੱਤੀ। ਇੰਨਾ ਹੀ ਨਹੀਂ ਚੰਡਾਲ ਵਰਗੀਆਂ ਜਾਤਾਂ ਲਈ ਤਾਂ ਆਪਣੇ ਆਉਣ ਦਾ ਸੰਕੇਤ ਬਾਂਸ ਦੇ ਇੱਕ ਡੰਡੇ ਨੂੰ ਧਰਤੀ 'ਤੇ ਮਾਰਕੇ ਦੇਣਾ ਪੈਂਦਾ ਸੀ ਤਾਂ ਜੋ ਉਹ ਉੱਚ ਸ਼ਰੇਣੀ ਦੇ ਕਿਸੇ ਵਿਅਕਤੀ ਦੇ ਮੱਥੇ ਨਾ ਲੱਗ ਜਾਣ।

ਖ਼ੈਰ ਇਹ ਸਭ ਕੁਝ ਭਾਰਤ ਵਿਚ ਆਮ ਵਾਪਰ ਰਿਹਾ ਸੀ। ਜਾਤ-ਪਾਤ ਸੰਬੰਧੀ ਹਰ ਕਰਮ ਨੂੰ ਸਹੀ ਕਰਾਰ ਦੇਣ ਦਾ ਵਰਣਨ ਭਗਵਤ ਗੀਤਾ ਵਿਚ ਵੀ ਮਿਲਦਾ ਹੈ ਜਦੋਂ ਕ੍ਰਿਸ਼ਨ ਅਰਜੁਨ ਨੂੰ ਆਪਣਾ ਕਸ਼ੱਤਰੀ ਧਰਮ ਨਿਭਾਉਣ ਲਈ ਪ੍ਰੇਰਿਤ ਕਰਦੇ ਹਨ। ਇਹ ਯੁੱਧ ਵੀ ਕੁਰੂਕੁਸ਼ੇਤਰ ਦੀ ਧਰਤੀ 'ਤੇ ਵਾਪਰਿਆ ਜੋ ਇਕ ਸਮੇਂ ਪੰਜਾਬ ਦਾ ਹੀ ਇਕ ਅੰਗ ਸੀ। ਇਸ ਤਰ੍ਹਾਂ ਪੰਜਾਬ ਵਿਚ ਇਕ ਸਮੇਂ ਤਕ ਹਿੰਦੂ ਵਰਗ ਵੰਡ ਸਿਧਾਂਤ ਤੇ ਕਰਮ ਸਿਧਾਂਤ ਨੂੰ ਪੂਰੀ ਮਾਨਤਾ ਪ੍ਰਾਪਤ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਸ਼ੁਰੂਆਤ ਵਿਚ ਪੰਜਾਬ ਵਿਚ ਹਿੰਦੂ ਵਰਨ ਵਿਵਸਥਾ ਭਾਰੂ ਤਾਂ ਅੱਜ ਇਹ ਵੱਖਰੀ ਹੋਣ ਦੇ ਕੀ ਕਾਰਨ ਹਨ। ਅਸਲ ਵਿਚ ਪੰਜਾਬ ਵਿਚ ਹੀ ਨਹੀਂ ਸਗੋਂ ਦੱਖਣੀ ਭਾਰਤ ਵਿਚ ਵੀ ਜਾਤ-ਪਾਤ ਦਾ ਉਹੋ ਜਿਹਾ ਸਰੂਪ ਨਹੀਂ ਹੈ ਜਿਹੋ ਜਿਹਾ ਕਿ ਬਾਕੀ ਭਾਰਤ ਵਿਚ ਵੇਖਣ ਨੂੰ ਮਿਲਦਾ ਹੈ। ਦੱਖਣ ਵਿਚ ਬ੍ਰਾਹਮਣਾਂ ਦਾ ਦਰਜਾ ਗ਼ੈਰ-ਬ੍ਰਾਹਮਣਾਂ ਦੇ ਮੁਕਾਬਲੇ ਨੀਵਾਂ ਹੈ, ਸਗੋਂ ਗ਼ੈਰ-ਬ੍ਰਾਹਮਣ ਲੋਕ ਬ੍ਰਾਹਮਣਾਂ ਦੇ ਹੱਥੋਂ ਕੁਝ ਲੈ ਕੇ ਖਾਣਾ ਪਸੰਦ ਨਹੀਂ ਕਰਦੇ। ਇਸਦੇ ਦੋ ਕਾਰਨ ਮੁੱਖ ਰੂਪ ਵਿਚ ਸਾਹਮਣੇ ਆਉਂਦੇ ਹਨ। ਇਕ ਤਾਂ ਰਾਮਧਾਰੀ ਦਿਨਕਰ ਦੇ ਸ਼ਬਦਾਂ ਵਿਚ ਮਨੁੱਖਾਂ ਦੀ ਇਕ ਖ਼ਾਸ ਪ੍ਰਜਾਤੀ ਸੀ, ਜਿਸਦਾ ਨਾਂ ਦ੍ਰਾਵਿੜ ਸੀ ਅਤੇ ਜੋ ਦੱਖਣੀ ਭਾਰਤ ਵਿਚ ਰਹਿੰਦੀ ਸੀ।[10] ਇਹ ਮੰਨਿਆ ਜਾਂਦਾ ਹੈ ਕਿ ਦ੍ਰਾਵਿੜ ਮੂਲ ਰੂਪ ਵਿਚ ਦੱਖਣੀ ਭਾਰਤ ਦੇ ਹੀ ਵਸਨੀਕ ਸਨ ਅਤੇ ਦੱਖਣ ਭਾਰਤ ਵਿਚ ਜੋ ਬ੍ਰਾਹਮਣ ਹਨ, ਉਹ ਹੀ ਕੇਵਲ ਆਰੀਆ ਹਨ ਜੋ ਉੱਤਰ ਭਾਰਤ ਤੋਂ ਗਏ ਹਨ।[11] ਇਸ ਤਰ੍ਹਾਂ ਨਸਲੀ ਭੇਦ ਕਾਰਨ ਦੱਖਣ ਦੇ ਲੋਕ ਆਰੀਆ ਲੋਕਾਂ ਆਪਣੀਆਂ ਕਦਰਾਂ-ਕੀਮਤਾਂ ਨੂੰ ਪਹਿਲ ਦੇਣ ਲੱਗ ਪਏ।

ਇਸਦਾ ਦੂਜਾ ਕਾਰਨ ਦੱਖਣ ਵਿਚ ਨਿਰੰਤਰ ਜਾਤ ਵਿਰੋਧੀ ਚੱਲ ਰਹੇ ਅੰਦੋਲਨ ਹਨ । ਦੱਖਣ 'ਚ ਗ਼ੈਰ-ਬ੍ਰਾਹਮਣ ਅੰਦੋਲਨ ਇਕ ਸ਼ਤਾਬਦੀ ਤੋਂ ਵੀ ਪੁਰਾਣਾ ਹੈ।[12] ਪਹਿਲੇ ਵਿਸ਼ਵਯੁੱਧ ਦੇ ਆਰੰਭ ਦੇ ਆਰੰਭ ਤਕ ਕੇਰਲ ਨੂੰ ਛੱਡ ਕੇ ਬਾਕੀ ਪੂਰੇ ਦੱਖਣ ਭਾਰਤ ਦੇ ਪ੍ਰਸ਼ਾਸਨ ਦੇ ਉੱਚ ਪੇਸ਼ਿਆਂ 'ਤੇ ਬ੍ਰਾਹਮਣਾਂ ਦਾ ਕਬਜ਼ਾ ਸੀ।.........ਪਰੰਤੂ ਜਦੋਂ ਸੱਤਾ ਅਤੇ ਪ੍ਰਭਾਵ ਗ਼ੈਰ-ਬ੍ਰਾਹਮਣਾਂ ਦੇ ਹੱਥਾਂ ਵਿਚ ਆਇਆ ਤਾਂ ਉਹਨਾਂ ਨੇ ਗ਼ੈਰ-ਬ੍ਰਾਹਮਣਾਂ ਨੂੰ ਪ੍ਰੇਸ਼ਾਨ ਕਰਨਾ ਆਰੰਭ ਕਰ ਦਿੱਤਾ।[13]

ਜਿੱਥੋਂ ਤਕ ਉੱਤਰੀ ਭਾਰਤ ਦੀ ਗੱਲ ਹੈ ਤਾਂ ਇੱਥੇ ਵੀ ਜਾਤ-ਪਾਤ ਸੰਬੰਧੀ ਮੂਲ ਰੂਪ ਵਿਚ ਨਾ ਸਹੀ ਤਾਂ ਘੱਟੋ-ਘੱਟ ਵੈਦਿਕ ਸੰਸਕ੍ਰਿਤੀ ਦੇ ਜਾਤਾਂ ਲਈ ਨਿਰਧਾਰਤ ਨਿਯਮਾਂ ਸੰਬੰਧੀ ਜ਼ਰੂਰ ਵਿਰੋਧਤਾ ਆਰੰਭ ਹੋ ਗਈ ਸੀ। ਸਭ ਤੋਂ ਪਹਿਲਾਂ ਪੌਰਾਣਿਕ ਗ੍ਰੰਥਾਂ ਅਤੇ ਉਪਨਿਸ਼ਦਾਂ ਨੇ ਵੇਦਾਂ ਵਿਰੁੱਧ ਪ੍ਰਚਾਰ ਸਾਹਮਣੇ ਆਇਆ। ਚਾਰਵਾਕ ਵਿਚ ਵੀ ਵੇਦਾਂ ਦੀ ਭਿਅੰਕਰ ਨਿੰਦਾ ਕੀਤੀ ਗਈ।[14] ਇਸਤੋਂ ਬਾਅਦ ਮਹਾਤਮਾ ਬੁੱਧ ਨੇ ਜਾਤ-ਪਾਤ ਸੰਬੰਧੀ ਟਿੱਪਣੀ ਕੀਤੀ, ਭਾਵੇਂ ਬੁੱਧ ਨੇ ਸਿਧਾਂਤਕ ਤੌਰ 'ਤੇ ਜਾਤ-ਪਾਤ ਵਿਰੁੱਧ ਕੋਈ ਗੱਲ ਨਹੀਂ ਸੀ ਕੀਤੀ, ਜਿਸ ਕਾਰਨ ਚਾਰਲਸ ਇਲੀਅਟ ਕਹਿੰਦਾ ਹੈ,

" ਭਾਵੇਂ ਉਸਨੇ (ਬੁੱਧ ਨੇ) ਇਸ ਗੱਲ ਨੂੰ ਨਹੀਂ ਮੰਨਿਆ ਕਿ ਬ੍ਰਾਹਮਣ ਜਨਮ ਕਰਕੇ ਦੂਸਰੀਆਂ ਜਾਤਾਂ ਨਾਲੋਂ ਪ੍ਰਮੁੱਖ ਸਨ, ਪਰ ਉਸਨੇ ਖੁੱਲ੍ਹ ਕੇ ਜਾਤ-ਪਾਤ ਵਿਰੁੱਧ ਪ੍ਰਚਾਰ ਨਹੀਂ ਸੀ ਕੀਤਾ।[15]

ਪਰੰਤੂ ਇਸਦੇ ਨਾਲ-ਨਾਲ ਸਾਨੂੰ ਇੰਨੀ ਜਾਣਕਾਰੀ ਜ਼ਰੂਰ ਮਿਲਦੀ ਹੈ ਕਿ ਮਹਾਤਮਾ ਬੁੱਧ ਨੇ ਕਰਮ ਦੀ ਪ੍ਰਧਾਨਤਾ ਨੂੰ ਜ਼ਰੂਰ ਪ੍ਰਭਾਵੀ ਰੂਪ ਵਿਚ ਗ੍ਰਹਿਣ ਕੀਤਾ ਸੀ। ਬੁੱਧ ਨੇ ਕਿਹਾ ਹੈ "ਮੈਂ ਕਿਸੇ ਵਿਅਕਤੀ ਨੂੰ ਉਸਦੀ ਕੁੱਲ ਕਾਰਨ ਬ੍ਰਾਹਮਣ ਨਹੀਂ ਕਹਿੰਦਾ, ਉਹ ਤਾਂ ਅਸਲ ਵਿਚ ਘੁਮੰਡੀ ਅਤੇ ਪਾਖੰਡੀ ਹੁੰਦਾ ਹੈ। ਜੋ ਵਿਅਕਤੀ ਭਾਵੇਂ ਨਿਰਧਨ ਵੀ ਹੋਵੇ ਪਰ ਲਾਲਸਾਵਾਂ ਤੋਂ ਮੁਕਤ ਹੋਵੇ, ਉਹ ਸੱਚਾ ਬ੍ਰਾਹਮਣ ਹੈ।"[16] ਇਸ ਤਰ੍ਹਾਂ ਬੁੱਧ ਕਾਲ ਵਿਚ ਕਰਮ ਦੇ ਆਧਾਰ 'ਤੇ ਜਾਤ ਵਿਰੁੱਧ ਪ੍ਰਚਾਰ ਜ਼ਰੂਰ ਸਾਹਮਣੇ ਆ ਗਿਆ ਸੀ।

ਇਸਤੋਂ ਬਾਅਦ ਜਾਤ ਸੰਬੰਧੀ ਰੂਪਾਂਤਰਨ ਇਸਲਾਮ ਦੇ ਭਾਰਤ ਵਿਚ ਆਗਮਨ ਨਾਲ ਸਾਹਮਣੇ ਆਉਂਦਾ ਹੈ। ਭਾਰਤ ਵਿਚ ਪੁੱਜਣ ਵਾਲਾ ਇਸਲਾਮ ਪ੍ਰਚਾਰ ਵਪਾਰਕ ਪੱਧਰ ਕਰਕੇ ਹੋਇਆ ਕਿਉਂਕਿ ਉਸ ਸਮੇਂ ਅਰਬ, ਫਿਲਸਤੀਨ, ਮਿਸਰ ਨਾਲ ਭਾਰਤ ਦੇ ਵਪਾਰਕ ਸੰਬੰਧ ਸਨ।[17] ਸਿੰਧ 'ਤੇ ਮੁਸਲਮਾਨਾਂ ਦਾ ਅਧਿਕਾਰ 712ਈ. ਵਿਚ ਹੀ ਹੋ ਗਿਆ ਸੀ।[18] ਪਰੰਤੂ ਇਸਲਾਮ ਦਾ ਭਿਆਨਕ ਰੂਪ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਮਹਿਮੂਦ ਗਜ਼ਨਵੀ ਭਾਰਤ 'ਤੇ ਹਮਲਾ ਕਰਦਾ ਹੈ ਅਤੇ ਇਸਲਾਮ ਦਾ ਪ੍ਰਚਾਰ ਆਰੰਭ ਕਰਦਾ ਹੈ। ਇਸਲਾਮ ਕਦੇ ਵੀ ਉਸ ਰੂਪ ਵਿਚ ਨਹੀਂ ਸੀ ਉਸਰਿਆ ਜਿਸ ਰੂਪ ਵਿਚ ਇਸਨੂੰ ਭਾਰਤ ਵਿਚ ਪ੍ਰਚਾਰਿਆ ਗਿਆ। ਇਸਦਾ ਕਾਰਨ ਇਹ ਸੀ ਕਿ ਇਸਲਾਮ ਦਾ ਪ੍ਰਚਾਰ ਕਰਨ ਇਹ ਲੋਕ ਮੁਸਲਮਾਨ ਨਹੀਂ ਸਨ ਸਗੋਂ ਇਹਨਾਂ ਨੇ ਇਸਲਾਮ ਦੇ ਬਾਹਰੀ ਪੱਖ ਨੂੰ ਹੀ

ਗ੍ਰਹਿਣ ਕੀਤਾ। ਮਹਿਮੂਦ ਗਜ਼ਨਵੀ ਵੀ ਹੂਣ ਤੋਂ ਪਰਿਵਰਤਿਤ ਹੋ ਕੇ ਤੁਰਕ ਬਣੀ ਜਾਤੀ (ਜੋ ਮੱਧ ਏਸ਼ੀਆ ਤੋਂ ਈਰਾਨ ਵਿਚ ਵਸ ਗਏ) ਨਾਲ ਸੰਬੰਧ ਰੱਖਦਾ ਸੀ[19] ਤੇ ਜਦੋਂ ਅਰਬ ਸਾਮਰਾਜ ਟੁੱਟਿਆ ਤਾਂ ਤੁਰਕਾਂ ਨੇ ਇਸਲਾਮ ਦਾ ਉਹ ਰੂਪ ਗ੍ਰਹਿਣ ਕਰ ਲਿਆ ਜੋ ਈਰਾਨ ਦੇ ਲੋਕਾਂ ਵਿਚ ਅਰਬਾਂ ਦੁਆਰਾ ਬੜੇ ਭਿਆਨਕ ਰੂਪ ਵਿਚ ਪ੍ਰਚਾਰਿਆ ਜਾ ਰਿਹਾ ਸੀ।

ਇਸਲਾਮ ਮੂਰਤੀ ਪੂਜਾ ਦੇ ਵਿਰੁੱਧ ਸੀ ਜਿਸ ਸਦਕਾ ਇਸਲਾਮ ਦੇ ਪ੍ਰਚਾਰਕਾਂ ਨੇ ਹਿੰਦੂ ਧਰਮ ਦੀ ਪੂਰੀ ਵਿਰੋਧਤਾ ਕੀਤੀ ਤੇ ਲੋਕਾਂ ਨੂੰ ਇਸਲਾਮ ਕਬੂਲ ਕਰਵਾਉਣਾ ਆਰੰਭ ਕੀਤਾ। ਪਰ ਇਸਦੇ ਨਾਲ ਹੀ ਹਿੰਦੂ ਧਰਮ ਵਿਚ ਛੂਤਛਾਤ ਤੋਂ ਤੰਗ ਆਏ ਲੋਕਾਂ ਨੇ ਖ਼ੁਦ ਹੀ ਇਸਲਾਮ ਧਰਮ ਕਬੂਲ ਕਰ ਲਿਆ। ਬਾਅਦ ਵਿਚ ਬਾਬਰ ਤੋਂ ਲੈ ਕੇ ਅਕਬਰ ਦੇ ਸਮੇਂ ਤਕ ਇਸਲਾਮ ਦਾ ਪ੍ਰਚਾਰ ਵੀ ਹੁੰਦਾ ਰਿਹਾ ਪਰੰਤੂ ਕਿਸੇ ਹਿੰਦੂ ਧੱਕੇ ਨਾਲ ਧਰਮ ਬਦਲੀ ਨਹੀਂ ਕਰਵਾਇਆ ਗਿਆ।

ਇਸ ਸਮੇਂ ਦੌਰਾਨ ਪੰਜਾਬ ਵਿਚ ਸਿੱਖ ਧਰਮ ਦੀ ਸਥਾਪਨਾ ਹੋਈ। ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂਤਕ ਤੌਰ ਜਾਤ-ਪਾਤ ਵਿਰੁੱਧ ਪ੍ਰਚਾਰ ਕਰਨਾ ਆਰੰਭ ਕੀਤਾ। ਉਹਨਾਂ ਨੇ "ਨਾ ਕੋ ਹਿੰਦੂ ਨਾ ਮੁਸਲਮਾਨ" ਦਾ ਨਾਅਰਾ ਲਾਇਆ। ਇੰਨਾ ਹੀ ਨਹੀਂ ਲੰਗਰ ਪ੍ਰਥਾ ਵੀ ਜਾਤ-ਪਾਤ ਦਾ ਭੇਦਭਾਵ ਮਿਟਾਉਣ ਲਈ ਅਹਿਮ ਸਾਬਤ ਹੋਈ। ਇਸਤੋਂ ਇਲਾਵਾ ਸਿੱਖ ਦੇ ਪ੍ਰਚਾਰਕ ਗੁਰੂਆਂ ਨੇ ਬਿਨ੍ਹਾਂ ਭੇਦਭਾਵ ਹਿੰਦੂਆਂ ਲਈ ਕੁਰਬਾਨੀਆਂ ਵੀ ਦਿੱਤੀਆਂ।

ਪਰੰਤੂ ਸਿੱਖ ਧਰਮ ਵੀ ਜਾਤ-ਪਾਤ ਨੂੰ ਖ਼ਤਮ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਨਾ ਹੋ ਸਕਿਆ। ਇਸਦਾ ਇਕ ਕਾਰਨ ਤਾਂ ਇਹ ਸੀ ਕਿ ਜਾਤ-ਪਾਤ ਵਿਰੋਧੀ ਹੋਣ ਦੇ ਬਾਵਜੂਦ ਵੀ ਸਿੱਖ ਧਰਮ ਵਿਚ ਗੁਰੂਗੱਦੀ ਇਕ ਹੀ ਕੁੱਲ (ਖੱਤਰੀ) ਵਿਚ ਰਹੀ। ਦੂਜਾ ਕਾਰਨ ਰਾਮਧਾਰੀ ਦਿਨਕਰ ਅਨੁਸਾਰ,

"ਹਿੰਦੂ ਧਰਮ ਦੀਆਂ ਕੁਰੀਤੀਆਂ ਸਿੱਖ ਸਮਾਜ ਵਿਚ ਵੀ ਘੱਟ ਨਹੀਂ ਹਨ। ਸਿੱਖ ਧਰਮ ਵਿਚ ਵੀ ਜਾਤ-ਪਾਤ ਛੂਤਛਾਤ ਹੈ ਅਤੇ ਵਿਆਹ-ਸੰਬੰਧਾਂ ਵਿਚ ਉਹੋ ਜਿਹੇ ਨਿਯੰਤਰਣ ਹਨ ਜਿਹੋ ਜਿਹੇ ਹਿੰਦੂਆਂ ਵਿਚ ਸਨ। ਸਿੱਖ ਜੱਟ, ਸਿੱਖ ਮਾਲੀ, ਸਿੱਖ ਘੁਮਿਆਰ, ਸਿੱਖ ਚਮਿਆਰ ਇਹ ਨਾਂ ਦੱਸਦੇ ਹਨ ਕਿ ਸਿੱਖ ਸੰਪਰਦਾ ਵੀ ਹਿੰਦੂਤਵ ਦਾ ਇਕ ਨਵਾਂ ਉਪਸਰਗ ਲਗਾ ਕੇ ਜੀਅ ਰਿਹਾ ਹੈ।"[20]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਵੇਂ ਸਿੱਖ ਧਰਮ ਵਿਚ ਵੀ ਜਾਤਾਂ ਦੀ ਭਰਮਾਰ ਹੈ ਪਰੰਤੂ ਫਿਰ ਵੀ ਪੰਜਾਬ ਵਿਚ ਸਿੱਖ ਧਰਮ ਦੀ ਸਥਾਪਨਾ ਨੇ ਹਿੰਦੂ ਧਰਮ ਦੀ ਹੋਂਦ ਨੂੰ ਲਗਭਗ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ। ਜਿਸ ਕਾਰਨ ਹਿੰਦੂ ਧਰਮ ਵਿਚ ਜਿਹੜੀਆਂ ਜਾਤਾਂ ਉੱਚੀਆਂ ਮੰਨੀਆਂ ਜਾਂਦੀਆਂ ਸਨ ਉਹਨਾਂ ਨੂੰ ਸਿੱਖ ਧਰਮ ਵਿਚ ਉੱਚਾ ਨਹੀਂ ਮੰਨਿਆ ਗਿਆ।

ਸਿੱਖ ਧਰਮ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਵੀ ਜਾਤ-ਪਾਤ ਭਿੰਨਤਾ ਖ਼ਾਸਕਰ ਛੂਤਛਾਤ ਨੂੰ ਖ਼ਤਮ ਕੀਤਾ ਗਿਆ। ਇਸਤੋਂ ਬਾਅਦ ਅੰਗਰੇਜ਼ ਪੰਜਾਬ 'ਤੇ ਕਾਬਜ਼ ਹੁੰਦੇ ਹਨ। ਅੰਗਰੇਜ਼ਾਂ ਨੇ ਪੂਰੇ ਭਾਰਤ ਵਿਚ ਛੂਤਛਾਤ ਵਿਰੁੱਧ ਪ੍ਰਚਾਰ ਕੀਤਾ। ਸਿੱਖਿਆ, ਰੁਜ਼ਗਾਰ ਕਾਰਨ ਭਾਵੇਂ ਪੂਰੇ ਭਾਰਤ ਵਿਚ ਲੋਕ ਪੁਸ਼ਤੈਨੀ ਕਿੱਤੇ ਛੱਡ ਰਹੇ ਸਨ ਅਤੇ ਸਮਾਜਿਕ ਰੁਤਬਾ ਉੱਚਾ ਕਰਨ ਲਈ ਈਸਾਈ ਧਰਮ ਵੀ ਅਪਣਾ ਰਹੇ ਸਨ। ਪਰੰਤੂ ਪੰਜਾਬ ਵਿਚ ਜਿਨ੍ਹਾਂ ਲੋਕਾਂ ਨੇ ਅਜਿਹਾ ਧਰਮ ਅਪਣਾਇਆ ਉਹਨਾਂ ਦੇ ਸਮਾਜਿਕ ਰੁਤਬੇ ਵਿਚ ਕੋਈ ਖ਼ਾਸ ਫ਼ਰਕ ਨਹੀਂ ਪਿਆ।

ਪੰਜਾਬ ਵਿਚ ਹਿੰਦੂ ਅਤੇ ਸਿੱਖ ਧਰਮ ਦੇ ਆਪਸੀ ਵਿਵਾਦ ਦੇ ਵਧਣ ਦਾ ਕਾਰਨ 1984 'ਚ ਹੋਇਆ ਆਪ੍ਰੇਸ਼ਨ ਬਲੂ ਸਟਾਰ ਵੀ ਬਣਦਾ ਹੈ। ਕਿਉਂਕਿ ਇਸਦੇ ਕਾਰਨ ਹਿੰਦੂ ਅਤੇ ਸਿੱਖ ਇਕ ਦੂਜੇ ਦੇ ਵਿਰੋਧੀ ਬਣ ਗਏ ਸਨ।

### ਪੰਜਾਬ ਵਿਚ ਜਾਤਾਂ

ਪੰਜਾਬ ਪੇਂਡੂ ਅਰਥ-ਵਿਵਸਥਾ ਵਾਲਾ ਸੂਬਾ ਹੈ ਤੇ ਇਸਦੀ ਲਗਭਗ 62.75% ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਜਿਸ ਕਰਕੇ ਪਿੰਡਾਂ 'ਚ ਕਾਬਜ਼ ਸ਼੍ਰੇਣੀਆਂ ਦੀ ਹੀ ਪੰਜਾਬ ਵਿਚ ਪ੍ਰਧਾਨਤਾ ਹੈ। ਪੰਜਾਬ ਵਿਚ ਜੱਟ ਸ਼੍ਰੇਣੀ ਬਾਕੀ ਸ਼੍ਰੇਣੀਆਂ 'ਤੇ ਕਾਬਜ਼ ਹੈ, ਇੱਥੋਂ ਤਕ ਕਿ ਬ੍ਰਾਹਮਣ ਸ਼ਰੇਣੀ ਨੂੰ ਵੀ ਪੰਜਾਬ ਵਿਚ ਜੱਟਾਂ ਤੋਂ ਨੀਵਾਂ ਦਰਜਾ ਪ੍ਰਾਪਤ ਹੈ। ਸ੍ਰੀਨਿਵਾਸ ਦੇ ਸ਼ਬਦਾਂ ਵਿਚ;

" ਠਹਸਿ ਸਿ ਟਰੁਏ ੇਡ ਪਓਰਟਸ ੇਡ ਫੁਨਜਓਬ ਾਹਏਰਏ ਟਹਏ ਲਓਨਦੋਾਨਨਿਗ ਝਓਟਸ ਲੋਕ ੍ਰਪੋਨ ਟਹਏ ਭਰਓਹਮਨਿਸ ਓਸ ਟਹਏਰਿ ਸਏਰਵਓਨਟਸ."[21]

ਬੇਸ਼ੱਕ ਨੌਕਰ ਦੇ ਰੂਪ ਵਿਚ ਨਾ ਸਹੀ ਪਰੰਤੂ ਫਿਰ ਵੀ ਬ੍ਰਾਹਮਣ ਸ਼੍ਰੇਣੀ ਇਕ ਲਾਗੀ ਦੇ ਰੂਪ ਵਿਚ ਤਾਂ ਜ਼ਰੂਰ ਵੇਖਿਆ ਜਾਂਦਾ। ਜੱਟ ਸ਼ਰੇਣੀ ਬੇਸ਼ੱਕ ਸ਼ੁਰੂ ਤੋਂ ਉਸ ਰੂਪ ਵਿਚ ਨਹੀਂ ਸੀ ਜਿਸ ਵਿਚ ਅੱਜ ਸਾਹਮਣੇ ਆਉਂਦੀ ਹੈ। ਜੱਟ ਸ਼ਰੇਣੀ ਦੇ ਕੀਤੇ ਜਾਣ ਵਾਲੇ ਕੰਮ ਮਨੂਸਿਮ੍ਰਤੀ ਵਿਚ ਵੈਸ਼ ਜਾਤੀ ਦੁਆਰਾ ਕਰਨ ਲਈ ਨਿਰਧਾਰਤ ਕੀਤੇ ਗਏ ਸਨ। ਸ਼ੁਰੂ ਵਿਚ ਜੱਟ ਸ਼ਰੇਣੀ ਦੀ ਹਾਲਤ ਵੀ ਮਜ਼ਦੂਰਾਂ ਵਰਗੀ ਸੀ ਕਿਉਂਕਿ ਜੱਟ ਵੈਸ਼ ਸ਼ਰੇਣੀ ਵਿਚ ਆਉਂਦੇ ਸਨ ਤੇ ਸ਼ੂਦਰਾਂ ਅਤੇ ਵੈਸ਼ਾਂ ਨੂੰ ਲਗਭਗ ਸਮਾਨ ਸਮਝਿਆ ਜਾਂਦਾ ਸੀ।[22] ਪਰੰਤੂ ਅੱਜ ਪੁਰਾਣੇ ਹਾਲਾਤ ਨਹੀਂ ਹਨ, ਉਤਪਾਦਨ ਦੇ ਸਾਧਨਾਂ 'ਤੇ ਮਾਲਕੀ ਕਰਕੇ ਅੱਜ ਜੱਟ ਸ਼ਰੇਣੀ ਪੰਜਾਬ ਵਿਚ ਹਿੰਦੂਆਂ ਤੋਂ ਵੀ ਉੱਪਰ ਹੈ।

ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇਸ ਵਿਚ ਜਦੋਂ ਪਿੰਡਾਂ ਦਾ ਮੁੱਢ ਬੰਨ੍ਹਣਾ ਆਰੰਭ ਹੋਇਆ ਤਾਂ ਇਸ ਕੰਮ 'ਚ ਮੋਹਰੀ ਲੋਕਾਂ ਨੂੰ ਇਸ ਗੱਲ ਦਾ ਪੂਰਾ ਪਤਾ ਸੀ ਕਿ ਕਿਸੇ ਵੀ ਖ਼ਾਸ ਜਗ੍ਹਾ 'ਤੇ ਜੀਵਨ ਆਰੰਭ ਕਰਨ ਲਈ ਖ਼ਾਸਕਰ ਖੇਤੀ ਉਤਪਾਦਨ ਸਾਧਨਾਂ ਲਈ ਬਾਕੀ ਜਾਤਾਂ ਦੀ ਵੀ ਪਿੰਡਾਂ ਵਿਚ ਜ਼ਰੂਰਤ ਹੈ। ਇਸਲਈ ਅਜਿਹੇ ਪਿੰਡਾਂ ਵਿਚ ਲਗਭਗ ਸਾਰੀਆਂ ਜਾਤਾਂ ਦੇ ਲੋਕ ਮੌਜੂਦ ਹੁੰਦੇ ਸਨ ਤੇ ਲਗਭਗ ਬੰਦ ਅਰਥ-ਵਿਵਸਥਾ ਹੋਣ ਕਾਰਨ ਇਹ ਸਾਰੀਆਂ ਜਾਤਾਂ ਇਕ-ਦੂਜੇ 'ਤੇ ਨਿਰਭਰ ਕਰਦੀਆਂ ਸਨ।

ਪੰਜਾਬ ਵਿਚ ਜੱਟਾਂ ਤੋਂ ਇਲਾਵਾ ਜੋਰ ਜਾਤਾਂ ਜਿਵੇਂ ; ਲੁਹਾਰ ਲੋਹੇ ਦੇ ਸੰਦ ਬਣਾਉਣ, ਤਰਖ਼ਾਣ ਲੱਕੜ ਦੇ ਸਮਾਨ ਨੂੰ ਬਣਾਉਣ, ਘੁਮਿਆਰ ਮਿੱਟੀ ਦੇ ਭਾਂਡੇ ਬਣਾਉਣ, ਝਿਊਰ ਪਾਣੀ ਢੋਣ, ਚਮਾਰ ਜੁੱਤੀਆਂ ਬਣਾਉਣ, ਬਾਣੀਆ ਹੱਟਪੁਣਾ ਕਰਨ, ਨਾਈ ਹੱਥਾਂ ਪੈਰਾਂ ਦੇ ਨਹੁੰ ਲਾਹੁਣ, ਮਿਰਾਸੀ ਭੰਡ ਪੁਣੇ, ਪਾਂਧਾ ਰਿਸ਼ਤੇ ਜੋੜਨ ਦਾ ਕੰਮ ਕਰਦੇ ਸਨ।[23] ਇਸ ਤਰ੍ਹਾਂ ਸਭ ਜਾਤਾਂ ਇਕ ਦੂਜੀ ਜਾਤ ਦੀ ਲੋੜ ਪੂਰਤੀ ਲਈ ਕਾਰਜ ਕਰਦੀਆਂ ਸਨ ਤੇ ਜੱਟ ਸ਼ਰੇਣੀ ਦੇ ਲੋਕ ਬਦਲੇ ਵਿਚ ਇਹਨਾਂ ਨੂੰ ਫ਼ਸਲ ਦਾ ਕੁਝ ਹਿੱਸਾ ਦੇ ਦਿੰਦੇ ਸਨ।

**ਪੰਜਾਬ ਵਿਚ ਜਾਤ-ਪਾਤ ਦਾ ਵੱਖਰਾ ਸਰੂਪ ਹੋਣ ਦੇ ਕਾਰਨ**

ਪੰਜਾਬ ਵਿਚ ਜੱਟ ਸ਼ਰੇਣੀ ਦਾ ਬ੍ਰਾਹਮਣਾਂ ਤੋਂ ਵੀ ਉੱਚਾ ਹੋਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪੰਜਾਬ ਵਿਚ ਹਿੰਦੂ ਧਰਮ ਦੀ ਨਹੀਂ ਸਗੋਂ ਸਿੱਖ ਧਰਮ ਦੀ ਪ੍ਰਧਾਨਤਾ ਹੈ। ਇਰਫ਼ਾਨ ਹਬੀਬ ਅਨੁਸਾਰ,

"ਪੰਜਾਬ ਦੀ ਭਾਸ਼ਾ ਵਿਚ, ਸਤਾਰ੍ਹਵੀਂ ਸ਼ਤਾਬਦੀ ਦੇ ਸਿੱਖ ਧਰਮ ਦੇ ਵਿਵਰਣ ਅਨੁਸਾਰ, 'ਜੱਟ ਤੋਂ ਭਾਵ ਪੇਂਡੂ ਜਾਂ ਦਿਹਾਤੀ ਹੈ।' ਹੌਲੀ-ਹੌਲੀ ਸਿੱਖ ਪੰਥ ਜਾਂ ਸਮੁਦਾਇ ਦੇ ਸੰਗਠਨ ਵਿੱਚ ਜੱਟ ਜ਼ਿਆਦਾ ਮਹੱਤਵਪੂਰਨ ਹੁੰਦੇ ਚਲੇ ਗਏ। ਕਿਹਾ ਜਾਂਦਾ ਹੈ ਕਿ ਸਤਾਰ੍ਹਵੀਂ ਦੇ ਮੱਧ ਤਕ ਗੁਰੂਆਂ ਨੇ ਖੱਤਰੀਆਂ ਨੂੰ, ਜੋ ਵੈਸ਼ਾਂ 'ਚ ਸਭ ਤੋਂ ਨੀਵੀਂ ਸਮਝੀ ਜਾਣ ਵਾਲੀ ਜਾਤ ਹੈ, ਜੱਟਾਂ ਦਾ ਤਾਬੇਦਾਰ ਬਣਾ ਦਿੱਤਾ।" [24]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਪਤ ਕਾਲ ਵਿਚ ਜਦੋਂ ਵੈਸ਼ਾਂ ਦੀ ਪ੍ਰਧਾਨਤਾ ਜੋ ਗਈ ਤੇ ਵੈਸ਼ ਮੁਹਤਬਰ ਹੋ ਗਏ। ਇਹਨਾਂ ਲੋਕਾਂ ਦੁਆਰਾ ਸਿੱਖ ਧਰਮ ਨੂੰ ਗ੍ਰਹਿਣ ਕਰਨ ਤੋਂ ਬਾਅਦ ਇਸਨੂੰ ਉਸ ਤਰ੍ਹਾਂ ਹੀ ਅਪਣਾਇਆ ਅਤੇ ਲਾਗੂ ਕੀਤਾ ਗਿਆ ਜਿਸ ਤਰ੍ਹਾਂ ਕਿ ਕਿਸੇ ਸਮੇਂ ਹਿੰਦੂਆਂ ਦੇ ਮੁਹਤਬਰਾਂ ਨੇ ਵੇਦਾਂ ਦੇ ਨਿਯਮਾਂ ਨੂੰ ਲਾਗੂ ਕੀਤਾ ਸੀ।

ਪੰਜਾਬ ਵਿਚ ਵੱਖਰੀ ਜਾਤ ਵਿਵਸਥਾ ਦਾ ਇਕ ਕਾਰਨ ਕਿਸਾਨ ਸ਼ਰੇਣੀ ਦੀ ਭੂਮੀਗਤ ਮਾਲਕੀ ਨੂੰ ਵੀ ਮੰਨਿਆ ਜਾ ਸਕਦਾ ਹੈ ਪਰੰਤੂ ਸਿਰਫ਼ ਉਤਪਾਦਨ ਸਾਧਨਾਂ 'ਤੇ ਮਾਲਕੀ ਕਿਸੇ ਵੀ ਜਾਤ ਨੂੰ ਉੱਚਾ ਪੱਧਰ ਨਹੀਂ ਦੇ ਸਕਦੀ ਕਿਉਂਕਿ ਜੇਕਰ ਅਜਿਹਾ ਹੁੰਦਾ ਤਾਂ ਹਰਿਆਣਾ, ਰਾਜਸਥਾਨ ਆਦਿ ਦੇ ਜੱਟਾਂ ਦਾ ਵੀ ਉਹੀ ਰੁਤਬਾ ਹੁੰਦਾ ਜਿਹੜਾ ਕਿ ਪੰਜਾਬ ਵਿਚ ਜੱਟਾਂ ਦਾ ਹੈ। ਪੰਜਾਬ ਵਿਚ ਜੱਟ ਸ਼ਰੇਣੀ ਦੇ ਮੁਹਤਬਰ ਹੋਣ ਦਾ ਕਾਰਨ ਇਸਦੀ ਉਤਪਾਦਨ ਦੇ ਸਾਧਨਾਂ 'ਤੇ ਮਾਲਕੀ ਦੇ ਨਾਲ-ਨਾਲ ਪੰਜਾਬ ਵਿਚ ਇਸਦਾ ਸੰਸਕ੍ਰਿਤਕ ਪੱਧਰ ਉੱਚਾ ਹੋਣਾ ਵੀ ਹੈ ਕਿਉਂਕਿ ਪੰਜਾਬ ਦਾ ਸੰਪੂਰਨ ਸਭਿਆਚਾਰ ਜੱਟਾਂ ਦੇ ਜੀਵਨ ਚਿਤਰਨ ਦੀ ਹੀ ਪੇਸ਼ਕਾਰੀ ਕਰਦਾ ਹੈ। ਇਹ ਗੱਲ ਤਾਂ ਕਾਫ਼ੀ ਪਹਿਲਾਂ ਹੀ ਮੰਨੀ ਜਾ ਚੁਕੀ ਹੈ ਕਿ ਜਿਸ ਸ਼ਰੇਣੀ ਦੀ ਸੰਸਕ੍ਰਿਤੀ ਜਿੰਨੀ ਉੱਚੀ ਮੰਨੀ ਜਾਵੇਗੀ ਉਹ ਸ਼ਰੇਣੀ ਵੀ ਉੰਨੀ ਹੀ ਉੱਚੀ ਮੰਨੀ ਜਾਵੇਗੀ। ਇਸੇ ਕਾਰਨ ਜੱਟ ਭਾਵੇਂ ਗਰੀਬ ਹੀ ਕਿਉਂ ਨਾ ਹੋਵੇ ਪੰਜਾਬ ਵਿਚ ਉਸਦਾ ਰੁਤਬਾ ਤਾਂ ਵੀ ਬਾਕੀ ਜਾਤਾਂ ਦੇ ਮੁਕਾਬਲੇ ਉੱਚਾ ਹੀ ਹੋਵੇਗਾ। ਇਸੇ ਕਾਰਨ ਪੰਜਾਬ ਦੇ ਸਭਿਆਚਾਰ ਦੇ ਜਿੰਨੇ ਵੀ ਨਿਯਮ ਹਨ ਉਹ ਮੁੱਖ ਰੂਪ ਵਿਚ ਜੱਟ ਸ਼ਰੇਣੀ ਦੁਆਰਾ ਹੀ ਨਿਰਧਾਰਿਤ ਕੀਤੇ ਗਏ ਹਨ ਤੇ ਬਾਕੀ ਸ਼ਰੇਣੀਆਂ ਸਿਰਫ਼ ਇਹਨਾਂ ਨੂੰ ਮੰਨਦੀਆਂ ਹਨ। ਭਾਵੇਂ ਕਿ ਕਈ ਪ੍ਰਤਿਮਾਨ ਹੂ-ਬ-ਹੂ ਉਹੀ ਹਨ ਜਿਹੜੇ ਕਿ ਹਿੰਦੂ ਸੰਸਕ੍ਰਿਤੀ ਵਿਚ ਸਵੀਕਾਰ ਕੀਤੇ ਜਾਂਦੇ ਸਨ ਜਿਵੇਂ: ਵਿਆਹ ਸੰਬੰਧੀ ਪ੍ਰਤਿਮਾਨਾਂ ਵਿਚ ਜੱਟ ਅੰਤਰਜਾਤੀ ਵਿਆਹ ਨੂੰ ਉਸੇ ਤਰ੍ਹਾਂ ਰੱਦ ਕਰਦੇ ਹਨ ਜਿਵੇਂ ਕਿ ਹਿੰਦੂ ਸੰਸਕ੍ਰਿਤੀ ਵਿਚ ਅਨੁਲੋਮ ਅਤੇ ਪ੍ਰਤਿਲੋਮ ਵਿਆਹਾਂ ਨੂੰ ਰੱਦ ਕੀਤਾ ਜਾਂਦਾ ਸੀ। ਪਰ ਅਜਿਹੇ ਨਿਯਮ ਪੰਜਾਬ ਵਿਚ ਜੱਟਾਂ ਦੁਆਰਾ ਸਿੱਖ ਧਰਮ ਨੂੰ ਆਧਾਰ ਬਣਾ ਕੇ ਸਵੀਕਾਰ ਕਰ ਲਏ ਗਏ। ਉਪਰੋਕਤ ਚਰਚਾ ਦਾ ਆਧਾਰ ਪੰਜਾਬ ਵਿਚ ਸ਼ਰੇਣੀਗਤ ਵਿਵਸਥਾ ਨੂੰ ਦੇਖਣ ਤੱਕ ਸੀਮਿਤ ਸੀ। ਇਸ ਲਈ ਜਾਤੀ-ਗਤ ਨਿਯਮਾਂ ਦੀ ਗੱਲ ਵੱਖਰੇ ਪਰਚੇ ਵਿਚ ਕੀਤੀ ਜਾਣ ਦੀ ਮੰਗ ਕਰਦੀ ਹੈ।

**ਸੰਦਰਭ ਸੂਚੀ**


1. ਸੰਤੋਖ ਸਿੰਘ (ਡਾ.), ਭਾਰਤ ਵਿਚ ਜਾਤ ਤੇ ਜਮਾਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨਾ. 2
2. ਐਨ. ਐਸ. ਸੋਢੀ (ਅਨੁ.), ਜੀ. ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 2003, ਪੰਨਾ. 44-45
3. ਸੀ. ਐਲ ਗੁਪਤਾ ( ਅਨੁ.), ਰੰਗਨਾਕੰਮਾ, ਜਾਤੀ ਪ੍ਰਸ਼ਨ ਕੇ ਸਮਾਧਾਨ ਕੇ ਲੀਏ, ਰਾਹੁਲ ਫ਼ਾਉਂਡੇਸ਼ਨ ਲਖਨਊ, 2011, ਪੰਨਾ. 40-41
4. ਜੀ. ਐਸ. ਭਟਨਾਗਰ (ਡਾ.), ਬਲਦੇਵ ਸਿੰਘ ਰਹਿਲ (ਡਾ.), ਭਾਰਤੀ ਸਮਾਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 1997, ਪੰਨਾ. 73
5. ਸੀ. ਸ਼ਰਨਿਵਿਓਸ, ਛਓਸਟਏ ਨਿ ਟਾਇਨਟਇਟਹ ਛਏਨਟੁਰੇ ਅਵਟਓਰ, ਫਏਨਗੁਨਿ ਭੋਕਸ, 'ਏ ਧਏਲਹਿ, 1997, ਫਓਗਏ. 88
6. ਐਨ. ਐਸ. ਸੋਢੀ (ਅਨੁ.), ਜੀ. ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 2003, ਪੰਨਾ. 43
7. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ, ਲੋਕਭਾਰਤੀ ਪ੍ਰਕਾਸ਼ਨ ਇਲਾਹਾਬਾਦ, ਤੀਜਾ ਸੰਸਕਰਣ 2014, ਪੰਨਾ. 59
   *ਆਰੀਆ
8. ਰਘਬੀਰ ਸਿੰਘ (ਅਨੁ.), ਡੀ. ਡੀ. ਕੋਸੰਭੀ, ਪ੍ਰਾਚੀਨ ਭਾਰਤ ਦੀ ਸੰਸਕ੍ਰਿਤੀ ਅਤੇ ਸਭਿਅਤਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 2009, ਪੰਨਾ. 97
9. ਡਾ. ਰਾਮਚੰਦਰ ਵਰਮਾ ਸ਼ਾਸਤਰੀ (ਟੀਕਾਕਾਰ), ਮਨੁਸਿਮ੍ਰਤੀ, ਵਿਦਿਆ ਵਿਹਾਰ, ਨਵੀਂ ਦਿੱਲੀ, 2011, ਪੰਨਾ. 34
10. ਰਾਮਧਾਰੀ ਸਿੰਘ ਦਿਨਕਰ,ਸੰਸਕ੍ਰਿਤੀ ਕੇ ਚਾਰ ਅਧਿਆਇ, ਲੋਕਭਾਰਤੀ ਪ੍ਰਕਾਸ਼ਨ ਇਲਾਹਾਬਾਦ, ਤੀਜਾ ਸੰਸਕਰਣ 2014, ਪੰਨਾ.3
11. ਉਹੀ-, ਪੰਨਾ. 33
12. ਐਮ. ਐਨ. ਸ੍ਰੀਨਿਵਾਸ, ਰਸ਼ਮੀ ਚੌਧਰੀ (ਅਨੁ.), ਆਧੁਨਿਕ ਭਾਰਤ ਮੇਂ ਜਾਤੀ, ਰਾਜਕਮਲ ਪ੍ਰਕਾਸ਼ਨ, ਇਲਾਹਾਬਾਦ, 2010, ਪੰਨਾ. 30
13. ਉਹੀ-, ਪੰਨਾ. 29
14. ਰਾਮਧਾਰੀ ਸਿੰਘ ਦਿਨਕਰ,ਸੰਸਕ੍ਰਿਤੀ ਕੇ ਚਾਰ ਅਧਿਆਇ, ਲੋਕਭਾਰਤੀ ਪ੍ਰਕਾਸ਼ਨ ਇਲਾਹਾਬਾਦ, ਤੀਜਾ ਸੰਸਕਰਣ 2014, ਪੰਨਾ. 106
15. ਉਦਰਿਤ-, ਐਨ. ਐਸ. ਸੋਢੀ (ਅਨੁ.), ਜੀ. ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 2003, ਪੰਨਾ. 70
16. ਰਾਜਿੰਦਰਪਾਲ ਸਿੰਘ, ਭਾਰਤੀ ਦਰਸ਼ਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ. 129
17. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ, ਲੋਕਭਾਰਤੀ ਪ੍ਰਕਾਸ਼ਨ ਇਲਾਹਾਬਾਦ, ਤੀਜਾ ਸੰਸਕਰਣ 2014, ਪੰਨਾ. 206
18. ਉਹੀ-, ਪੰਨਾ. 228

19. ਉਹੀ-, ਪੰਨਾ. 207
20. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ, ਲੋਕਭਾਰਤੀ ਪ੍ਰਕਾਸ਼ਨ ਇਲਾਹਾਬਾਦ, ਤੀਜਾ ਸੰਸਕਰਣ 2014, ਪੰਨਾ. 297
21. Srinivas MN. Social change in modern India, Orient Blackswan, New Delhi; c2013. p. 12.
22. ,ਐਨ. ਐਸ. ਸੋਢੀ (ਅਨੁ.), ਜੀ. ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 2003, ਪੰਨਾ. 62
23. ਗੁਰਦਿੱਤ ਸਿੰਘ (ਗਿ.), ਮੇਰਾ ਪਿੰਡ, ਸਾਹਿਤ ਪ੍ਰਕਾਸ਼ਨ ਚੰਡੀਗੜ੍ਹ, 2008, ਪੰਨਾ. 39-41
24. ਇਰਫ਼ਾਨ ਹਬੀਬ, ਰਮੇਸ਼ ਰਾਵਤ (ਸੰਪਾ. ਅਤੇ ਅਨੁ.) ਭਾਰਤੀਯ ਇਤਿਹਾਸ ਮੇਂ ਮੱਧਯਕਾਲ, ਗ੍ਰੰਥ ਸ਼ਿਲਪੀ ਦਿੱਲੀ, ਦੂਜਾ ਸੰਸਕਰਣ, 2002, ਪੰਨਾ. 54